# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 01-08-2024**

- ਪੈਰਿਸ ਓਲੰਪਿਕ ਦੇ ਅੱਜ 6ਵੇਂ ਦਿਨ ਭਾਰਤ ਦੇ ਸਵਪ-ਨਿਲ ਕੁਸਲੇ ਨੇ, ਇਤਿਹਾਸ ਰਚਦਿਆਂ ਨਿਸ਼ਾਨੇਬਾਜ਼ੀ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ ਏ ।
- ਕੇਂਦਰ ਸਰਕਾਰ ਨੇ ਦੇਸ਼ ਵਿੱਚ ਜਲ ਜੀਵਨ ਮਿਸ਼ਨ ਯੋਜਨਾ ਤਹਿਤ, 15 ਕਰੋੜ ਤੋਂ ਵੱਧ ਟੂਟੀ ਦੇ ਕਨੈਕਸ਼ਨ ਮੁਹੱਈਆ ਕਰਵਾਏ ਨੇ ।
- ਪੰਜਾਬ ਵਿਚ ਮਹਿਲਾਵਾਂ ਨੇ ਹੁਣ ਤੱਕ ਇਕ  ਹਜ਼ਾਰ 548 ਕਰੋੜ ਰੁਪਏ ਤੋਂ ਵੱਧ ਦੀ ਮੁਫ਼ਤ ਬੱਸ ਸਫ਼ਰ ਸਹੂਲਤ ਦਾ ਲਾਭ ਲਿਆ ਏ।
- ਭਾਰੀ ਮੀਂਹ ਕਾਰਨ ਅੰਮ੍ਰਿਤਸਰ ਤੇ ਬਠਿੰਡਾ ਵਿੱਚ ਦੋ ਥਾਂਈਂ ਮਕਾਨਾਂ ਦੀਆਂ ਛੱਤਾਂ ਡਿੱਗੀਆਂ, ਇਕ ਬੱਚੇ ਦੀ ਮੌਤ ਤੇ ਦੋ ਨੂੰ ਬਚਾਇਆ ਗਿਆ।

-----------------------------------------------------------------------

ਪੈਰਿਸ ਓਲੰਪਿਕ ਦੇ 6ਵੇਂ ਦਿਨ, ਅੱਜ ਭਾਰਤ ਦੇ ਝੋਲੀ 'ਚ ਇਕ ਹੋਰ ਤਗਮਾ ਆ ਗਿਆ ਏ । ਸਵਪਨਿਲ ਕੁਸਲੇ ਨੇ ਇਤਿਹਾਸ ਰਚਦਿਆਂ, ਨਿਸ਼ਾਨੇਬਾਜ਼ੀ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ ਏ । ਸਵਪਨਿਲ ਨੇ ਮਰਦਾਂ ਦੇ ਸ਼ੂਟਿੰਗ ਈਵੈਂਟ 50 ਮੀਟਰ ਰਾਈਫਲ, ਥ੍ਰੀ ਪੋਜੀਸ਼ਨ 'ਚ ਕਾਂਸੀ ਦਾ ਤਗਮਾ ਜਿੱਤਿਆ ਏ । ਪਹਿਲੀ ਵਾਰ ਕਿਸੇ ਭਾਰਤੀ ਨਿਸ਼ਾਨੇਬਾਜ਼ ਨੇ, ਓਲੰਪਿਕ ਦੇ 50 ਮੀਟਰ ਰਾਈਫਲ ਥ੍ਰੀ ਪੋਜ਼ੀਸ਼ਨ ਈਵੈਂਟ ਵਿੱਚ ਤਮਗਾ ਜਿੱਤਿਆ ਏ । ਇਸ ਦੇ ਨਾਲ ਹੀ ਭਾਰਤ ਨੇ ਪੈਰਿਸ ਓਲੰਪਿਕ ਵਿੱਚ ਆਪਣਾ ਤੀਜਾ ਤਮਗਾ ਜਿੱਤ ਲਿਆ ਏ । ਖਾਸ ਗੱਲ ਇਹ ਏ, ਕਿ ਤਿੰਨੋਂ ਤਗਮੇ ਭਾਰਤੀ ਨਿਸ਼ਾਨੇਬਾਜ਼ਾਂ ਨੇ ਹੀ ਜਿੱਤੇ ਨੇ । ਇਸ ਤੋਂ ਪਹਿਲਾਂ ਮਨੂ ਭਾਕਰ ਅਤੇ ਸਰਬਜੋਤ ਸਿੰਘ ਨੇ, ਮਿਕਸਡ 10 ਮੀਟਰ ਏਅਰ ਪਿਸਟਲ ਫਾਈਨਲ ਵਿੱਚ ਦੱਖਣੀ ਕੋਰੀਆ ਦੀ ਜੋੜੀ ਨੂੰ ਹਰਾ ਕੇ ਭਾਰਤ ਲਈ ਕਾਂਸੀ ਦਾ ਤਗ਼ਮਾ ਜਿੱਤਿਆ ਸੀ । ਏਧਰ ਹਾਕੀ ਵਿਚ ਬੇਲਜਿਯਮ ਨੇ ਭਾਰਤੀ ਟੀਮ ਨੂੰ 2 - 1 ਨਾਲ ਹਰਾ ਦਿੱਤਾ । ਪਹਿਲਾ ਗੋਲ਼ ਭਾਰਤ ਵਲੋਂ ਅਭਿਸ਼ੇਕ 18 ਵੇਂ ਮਿੰਟ ਵਿਚ

ਕੀਤਾ ਪਰ ਬਾਅਦ ਵਿਚ ਬੇਲਜਿਯਮ ਨੇ 33 ਵੇਂ ਮਿੰਟ ਵਿਚ ਗੋਲ ਕਰਕੇ ਬਰਾਬਰੀ ਕਰ ਲਈ ਅਤੇ 44 ਵੇਂ ਮਿੰਟ ਵਿਚ ਇਕ ਹੋਰ ਗੋਲ ਕੀਤਾ। ਅਖੀਰਲੇ ਮਿੰਟ ਵਿਚ ਭਾਰਤ ਨੂੰ ਇਕ ਪੈਨਲਟੀ ਕਾਰਨਰ ਵੀ ਮਿਲਿਆ, ਪਰ ਖਿਡਾਰੀ ਉਸ ਦਾ ਲਾਭ ਨਹੀਂ ਲੈ ਸਕੇ।

---------------------------------------------------------------

ਇਸ ਦੌਰਾਨ ਚੰਡੀਗੜ੍ਹ ਦੇ ਵਸਨੀਕ ਕੌਮੀ ਹਾਕੀ ਖਿਡਾਰੀ ਜਸਪ੍ਰੀਤ ਕੌਰ ਨੇ ਕਿਹਾ ਕਿ ਸ਼ੂਟਿੰਗ ਵਿਚ ਤਿੰਨ ਤਗਮੇ ਜਿਤਣਾ ਮਾਣ ਵਾਲੀ ਗੱਲ ਏ ਅਤੇ ਆਉਂਦੇ ਦਿਨਾਂ ਵਿਚ ਹੋਰਨਾਂ ਖੇਡਾਂ ਵਿਚ ਵੀ ਭਾਰਤ ਦੀ ਝੋਲੀ ਵਿਚ ਸੋਨੇ ਤੇ ਚਾਂਦੀ ਦੇ ਹੋਰ ਤਗਮੇ ਜਰੂਰ ਆਉਣਗੇ।

BYTE:

---------------------------------------------------------------

ਪੈਰਿਸ ਓਲੰਪਿਕ 'ਚ ਕਾਂਸੀ ਦਾ ਤਗਮਾ ਜਿੱਤਣ 'ਤੇ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸਵਪਨਿਲ ਕੁਸਲੇ ਨੂੰ ਵਧਾਈ ਦਿੱਤੀ ਏ । ਰਾਸ਼ਟਰਪਤੀ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਸਵਪਨਿਲ ਕੁਸਲੇ, ਮਰਦਾਂ ਦੀ 50 ਮੀਟਰ ਰਾਈਫਲ ਥ੍ਰੀ ਪੋਜ਼ੀਸ਼ਨ ਵਰਗ ਵਿੱਚ, ਤਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਬਣ ਗਿਆ ਏ ।

ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਏ, ਜਦੋਂ ਭਾਰਤ ਨੇ ਇੱਕੋ ਓਲੰਪਿਕ ਖੇਡਾਂ ਵਿੱਚ ਨਿਸ਼ਾਨੇਬਾਜ਼ੀ ਵਿੱਚ ਤਿੰਨ ਤਗਮੇ ਜਿੱਤੇ ਨੇ। ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਪੂਰੇ ਨਿਸ਼ਾਨੇਬਾਜ਼ੀ ਦਲ ਨੇ ਭਾਰਤ ਦਾ ਮਾਣ ਵਧਾਇਆ ਏ। ਉਨ੍ਹਾਂ ਸਾਰੇ ਖਿਡਾਰੀਆਂ ਨੂੰ ਆਉਣ ਵਾਲੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸਵਪਨਿਲ ਕੁਸਲੇ ਨੂੰ, ਭਵਿੱਖ ਵਿੱਚ ਹੋਰ ਪ੍ਰਾਪਤੀਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਨੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਸਵਪਨਿਲ ਕੁਸਲੇ ਨੂੰ ਵਧਾਈ ਦਿੱਤੀ ਏ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਉਨਾਂ ਕਿਹਾ ਕਿ ਇਹ ਸਵਪਨਿਲ ਕੁਸਲੇ ਵਲੋਂ ਇੱਕ ਬੇਮਿਸਾਲ ਪ੍ਰਦਰਸ਼ਨ ਰਿਹਾ ਏ। ਉਨਾਂ ਕਿਹਾ ਕਿ ਉਸ ਦਾ ਪ੍ਰਦਰਸ਼ਨ ਵਿਸ਼ੇਸ਼ ਏ ਕਿਉਂਕਿ ਉਸਨੇ ਬਹੁਤ ਲਚਕਤਾ ਅਤੇ ਹੁਨਰ ਦਿਖਾਇਆ ਏ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਹ ਇਸ ਸ਼੍ਰੇਣੀ ਵਿੱਚ ਤਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਅਥਲੀਟ ਵੀ ਏ ਅਤੇ ਇਸ ਨਾਲ ਹਰ ਭਾਰਤੀ ਖੁਸ਼ੀ ਨਾਲ ਭਰ ਗਿਆ ਏ।

---

ਕੇਂਦਰੀ ਸੱਭਿਆਚਾਰ ਤੇ ਸੈਰ-ਸਪਾਟਾ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ, ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ 'ਆਗਾਮੀ ਯੁੱਗ ਯੁਗੀਨ ਭਾਰਤ ਮਿਊਜ਼ੀਅਮ 'ਤੇ, ਰਾਜ ਅਜਾਇਬ ਘਰ ਸੰਮੇਲਨ' ਦਾ ਉਦਘਾਟਨ

ਕੀਤਾ। ਤਿੰਨ ਦਿਨਾਂ ਸੰਮੇਲਨ ਦਾ ਮੰਤਵ ਆਗਾਮੀ ਅਜਾਇਬ ਘਰ ਦੇ ਵੱਖ-ਵੱਖ ਪਹਿਲੂਆਂ 'ਤੇ ਹਿੱਸੇਦਾਰਾਂ ਵਲੋਂ ਡੂੰਘੀ ਚਰਚਾ ਕਰਨਾ ਅਤੇ ਵਿਸ਼ਵ ਪੱਧਰੀ ਅਜਾਇਬ ਘਰ ਵਜੋਂ ਵਿਕਸਤ ਕਰਨ ਲਈ, ਉਨ੍ਹਾਂ ਦੀ ਕੀਮਤੀ ਸੂਝ ਪ੍ਰਦਾਨ ਕਰਨਾ ਏ। ਦੇਸ਼ ਭਰ ਦੇ ਰਾਜ ਅਜਾਇਬ ਘਰਾਂ ਅਤੇ ਯੂਨੀਵਰਸਿਟੀਆਂ ਦੇ 80 ਨੁਮਾਇੰਦਿਆਂ ਸਮੇਤ 150 ਤੋਂ ਵੱਧ ਹਿੱਸੇਦਾਰ ਇਸ ਸੰਮੇਲਨ ਵਿੱਚ ਹਿੱਸਾ ਲੈ ਰਹੇ ਨੇ।

------------------------------------------------------------

ਕੇਂਦਰ ਸਰਕਾਰ ਨੇ ਦੇਸ਼ ਵਿੱਚ ਜਲ ਜੀਵਨ ਮਿਸ਼ਨ ਯੋਜਨਾ ਤਹਿਤ, 15 ਕਰੋੜ ਤੋਂ ਵੱਧ ਟੂਟੀ ਦੇ ਕਨੈਕਸ਼ਨ ਮੁਹੱਈਆ ਕਰਵਾਏ ਨੇ। ਇਹ ਲੋਕਾਂ ਨੂੰ ਪਾਣੀ ਦੇ ਕੁਨੈਕਸ਼ਨ ਲਈ ਲੋੜੀਂਦੇ ਬਿਜਲੀ ਦੇ ਬਿੱਲ ਨੂੰ ਘੱਟ ਤੋਂ ਘੱਟ ਕਰਨ ਲਈ ਸੂਰਜੀ ਊਰਜਾ ਦੀ ਵਰਤੋਂ ਕਰਨ ਲਈ, ਵੀ ਉਤਸ਼ਾਹਿਤ ਕਰ ਰਿਹਾ ਏ। ਲੋਕ ਸਭਾ ਵਿੱਚ ਅੱਜ ਪੂਰਕ ਸਵਾਲਾਂ ਦਾ ਜਵਾਬ ਦਿੰਦਿਆਂ, ਜਲ ਸ਼ਕਤੀ ਮੰਤਰੀ, ਸੀ. ਆਰ. ਪਾਟਿਲ ਨੇ ਦੱਸਿਆ ਕਿ ਸਾਫ਼ ਪਾਣੀ ਦੀ ਉਪਲਬਧਤਾ 'ਤੇ ਸਥਿਤੀ ਦਾ ਮੁਲਾਂਕਣ ਕਰਨ ਲਈ, ਦੇਸ਼ ਵਿੱਚ 8 ਹਜ਼ਾਰ ਤੋਂ ਵੱਧ ਪਿੰਡਾਂ ਦਾ ਸਰਵੇਖਣ ਕੀਤਾ ਗਿਆ ਏ।

---

ਪੰਜਾਬ ਵਿੱਚ ਮਹਿਲਾਵਾਂ ਨੂੰ ਹੁਣ ਤੱਕ 1 ਹਜ਼ਾਰ 548 ਕਰੋੜ ਰੁਪਏ ਤੋਂ ਵੱਧ ਦੀ ਮੁਫ਼ਤ ਬੱਸ ਸਫ਼ਰ ਸਹੂਲਤ ਮੁਹੱਈਆ ਕਰਵਾਈ ਜਾ ਚੁੱਕੀ ਏ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ, ਦੱਸਿਆ ਕਿ ਸਕੀਮ ਤਹਿਤ ਔਰਤਾਂ ਨੂੰ, 32 ਕਰੋੜ 46 ਲੱਖ ਯਾਤਰਾਵਾਂ ਦੀ ਸਹੂਲਤ ਪ੍ਰਦਾਨ ਕੀਤੀ ਗਈ ਏ, ਜਿਸ ਸਦਕਾ ਸੂਬੇ ਦੀਆਂ ਮਹਿਲਾਵਾਂ ਨੂੰ ਸਮਰੱਥ ਬਣਾਉਣ ਦੇ ਮੌਕਿਆਂ ਤੱਕ, ਉਨ੍ਹਾਂ ਦੀ ਪਹੁੰਚ ਬਣਾਉਣ ਦੀ ਦਿਸ਼ਾ ਵਿੱਚ ਅਹਿਮ ਵਾਧਾ ਹੋਇਆ ਏ।ਉਨਾਂ ਦੱਸਿਆ ਕਿ ਮਾਰਚ 2022 ਤੋਂ ਮਾਰਚ 2023 ਤੱਕ, ਕੁੱਲ 664 ਕਰੋੜ 63 ਲੱਖ ਰੁਪਏ ਖ਼ਰਚ ਕੇ ਮਹਿਲਾਵਾਂ ਨੂੰ, 14 ਕਰੋੜ 29 ਲੱਖ ਯਾਤਰਾਵਾਂ ਦਾ ਲਾਭ ਦਿੱਤਾ ਗਿਆ ਜਦਕਿ ਮਾਲੀ ਵਰ੍ਹੇ 2023- 2024 ਦੌਰਾਨ 694 ਕਰੋੜ 64 ਲੱਖ ਰੁਪਏ ਦੇ ਖ਼ਰਚ ਨਾਲ, ਔਰਤਾਂ ਨੂੰ 14 ਕਰੋੜ 90 ਲੱਖ ਯਾਤਰਾਵਾਂ ਦੀ ਸਹੂਲਤ ਦਿੱਤੀ ਪ੍ਰਦਾਨ ਕੀਤੀ ਗਈ ਏ। ਉਨ੍ਹਾਂ ਕਿਹਾ ਕਿ ਮੌਜੂਦਾ ਮਾਲੀ ਵਰ੍ਹੇ ਦੌਰਾਨ ਬੀਤੇ 15 ਜੁਲਾਈ ਤੱਕ 188 ਕਰੋੜ 98 ਲੱਖ ਰੁਪਏ ਨਾਲ ਮਹਿਲਾਵਾਂ ਨੂੰ 3 ਕਰੋੜ 27 ਲੱਖ ਯਾਤਰਾਵਾਂ ਦੀ ਸਹੂਲਤ ਦਿੱਤੀ ਜਾ ਚੁੱਕੀ ਏ।

---------------------------------------------------

ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਿਮਿਟਡ ਦੇ, ARR ਐਂਡ TR ਵਿੰਗ ਨੇ ਅੱਜ ਸ਼ਕਤੀ ਵਿਹਾਰ ਪਟਿਆਲਾ ਵਿਖੇ, ਰੁੱਖ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਵਾਤਾਵਰਣ ਸਥਿਰਤਾ ਪ੍ਰਤੀ, ਬਿਜਲੀ ਕਾਰਪੋਰੇਸ਼ਨ ਦੀ ਲਗਾਤਾਰ ਵਚਨਬੱਧਤਾ ਦੇ ਹਿੱਸੇ ਵਜੋਂ, ਇਸ ਪਹਿਲਕਦਮੀ ਵਿੱਚ 150 ਰੁੱਖ ਲਗਾਏ ਗਏ, ਜਿਨ੍ਹਾਂ ਵਿੱਚ ਛਾਂ ਦੇਣ ਵਾਲੇ, ਫੁੱਲਾਂ ਵਾਲੇ, ਫਲਦਾਰ ਅਤੇ ਸਜਾਵਟੀ ਕਿਸਮਾਂ ਸ਼ਾਮਲ ਨੇ। ਇਸ ਮੁਹਿੰਮ ਦੀ ਅਗਵਾਈ ARR ਐਂਡ TR ਵਿੰਗ ਦੇ ਮੁੱਖ ਇੰਜੀਨੀਅਰ ਹਰਮੋਹਨ ਕੌਰ ਨੇ ਕੀਤੀ, ਜਿਨ੍ਹਾਂ ਦੇ ਨਾਲ ਵਿੰਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਰਹੇ। ਸਮਾਗਮ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਹਰਮੋਹਨ ਕੌਰ ਨੇ ਕਿਹਾ ਕਿ ਇਹ ਰੁੱਖ ਲਗਾਉਣ ਦੀ ਮੁਹਿੰਮ ਵਾਤਾਵਰਣ ਸੰਭਾਲ ਪ੍ਰਤੀ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਿਮਿਟਡ ਦੀ ਵਚਨਬੱਧਤਾ ਦਾ ਸਬੂਤ ਏ। ਉਨਾਂ ਕਿਹਾ ਕਿ ਅਸੀਂ ਸਿਰਫ਼ ਘਰਾਂ ਨੂੰ ਰੋਸ਼ਨ ਨਹੀਂ ਕਰ ਰਹੇ ਅਸੀਂ ਕੁਦਰਤ ਦੀ ਪਰਵਰਿਸ਼ ਕਰ ਰਹੇ ਹਾਂ।

---------------------------------------------------

ਅੰਮ੍ਰਿਤਸਰ ਤੇ ਬਠਿੰਡਾ ਵਿੱਚ ਦੋ ਥਾਂਈਂ ਭਾਰੀ ਮੀਂਹ ਕਾਰਨ, ਮਕਾਨਾਂ ਦੀਆਂ ਛੱਤਾਂ ਡਿੱਗ ਗਈਆਂ। ਅੰਮ੍ਰਿਤਸਰ ਅਧੀਨ ਪੈਂਦੇ ਅਟਾਰੀ ਵਿਧਾਨ

ਸਭਾ ਹਲਕੇ ਦੇ ਪਿੰਡ ਖੈਰਾਬਾਦ ਵਿੱਚ, ਮੀਂਹ ਕਾਰਨ ਲਵਪ੍ਰੀਤ ਸਿੰਘ ਨਾਮਕ ਇਕ ਵਿਅਕਤੀ ਦੇ ਘਰ ਦੀ ਛੱਤ ਡਿੱਗ ਗਈ ਅਤੇ ਉਸ ਦੇ 5 ਸਾਲਾ ਬੱਚੇ ਦੀ ਦਬ ਕੇ ਮੌਤ ਹੋ ਗਈ। ਪਿੰਡ ਵਾਸੀਆਂ ਨੇ ਦੱਸਿਆ ਕਿ ਦੋ ਮਾਸੂਮ ਬੱਚੇ ਅਤੇ ਲਵਪ੍ਰੀਤ ਅਤੇ ਉਸ ਦਾ ਭਰਾ ਮਲਬੇ ਹੇਠ ਦੱਬ ਗਏ। ਪਿੰਡ ਵਾਸੀਆਂ ਨੇ ਮਕਾਨ ਦੇ ਮਲਬੇ ਹੇਠੋਂ ਇੱਕ ਨੌਜਵਾਨ ਅਤੇ ਦੋ ਬੱਚਿਆਂ ਨੂੰ ਬਾਹਰ ਕੱਢਿਆ ਅਤੇ ਹਸਪਤਾਲ ਪਹੁੰਚਾਇਆ। ਇਸ ਹਾਦਸੇ ਵਿੱਚ ਲਵਪ੍ਰੀਤ ਦੇ ਭਰਾ ਅਤੇ ਇੱਕ ਪੁੱਤਰ ਦਾ ਬਚਾਅ ਹੋ ਗਿਆ ਪਰ 5 ਸਾਲਾ ਗੁਰਫਤਿਹ ਸਿੰਘ ਦੀ ਮੌਤ ਹੋ ਗਈ। ਏਧਰ ਬਠਿੰਡਾ ਦੀ ਪ੍ਰਜਾਪਤ ਕਲੋਨੀ ਵਿੱਚ ਭਾਰੀ ਮੀਂਹ ਕਾਰਨ, ਇੱਕ ਮਕਾਨ ਦੀ ਛੱਤ ਡਿੱਗ ਗਈ। ਚੰਗੀ ਗੱਲ ਇਹ ਰਹੀ ਕਿ ਛੱਤ ਉਸ ਸਮੇਂ ਡਿੱਗੀ ਜਦੋਂ ਪਰਿਵਾਰ ਦੇ ਮੈਂਬਰ ਬਾਹਰ ਗਏ ਹੋਏ ਸਨ। ਮਕਾਨ ਮਾਲਕ ਨਰੇਸ਼ ਕੁਮਾਰ ਨੇ ਦੱਸਿਆ ਕਿ ਸਵੇਰੇ ਮੀਂਹ ਪੈਣ ਕਾਰਨ ਉਹ ਘਰ ਪਰਤਿਆ ਸੀ। ਉਦੋਂ ਦੇਖਿਆ ਕਿ ਘਰ ਦੀ ਛੱਤ ਡਿੱਗੀ ਹੋਈ ਸੀ। ਛੱਤ ਡਿੱਗਣ ਕਾਰਨ, ਉਨ੍ਹਾਂ ਦਾ ਮਾਲੀ ਨੁਕਸਾਨ ਹੋਇਆ ਏ। ਘਰ ਵਿੱਚ ਪਿਆ ਸਾਮਾਨ ਛੱਤ ਦੇ ਮਲਬੇ ਹੇਠਾਂ ਦਬ ਗਿਆ ਤੇ ਨੁਕਸਾਨਿਆ ਗਿਆ।

---------------------------------------------------------

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ, ਬਾਬਾ ਜੋਰਾਵਰ

ਸਿੰਘ ਤੇ ਬਾਬਾ ਫਤਿਹ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਭੋਰਾ ਸਾਹਿਬ ਵਿਖੇ, ਇਲਾਕ਼ੇ ਦੀ ਸੰਗਤ ਵੱਲੋਂ ਸੋਨੇ ਦੇ ਦਰਵਾਜ਼ਿਆਂ ਦੀ ਸੇਵਾ ਕਰਵਾਈ ਗਈ। ਇਸ ਮੌਕੇ ਤੇ ਸ੍ਰੀ ਅਕਾਲ ਤਖਤ ਸਾਹਿਬ ਤੇ ਜਥੇਦਾਰ, ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਅਤੇ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਵੱਲੋਂ ਸੁਸ਼ੋਭਿਤ ਕੀਤੇ ਗਏ। ਇਸ ਮੌਕੇ ਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਭੋਰਾ ਸਾਹਿਬ ਵਿਖੇ, ਜੋ ਇਲਾਕੇ ਦੀ ਸੰਗਤ ਵੱਲੋਂ ਸ਼ਰਧਾ ਸਤਿਕਾਰ ਨਾਲ ਸੋਨੇ ਦੇ ਚਾਰੋਂ ਦਰਵਾਜ਼ਿਆਂ ਦੀ ਸੇਵਾ ਕਰਵਾਈ ਗਈ, ਇਹ ਸੰਗਤਾਂ ਦੀ ਗੁਰੂ ਪ੍ਰਤੀ ਅਥਾਹ ਸ਼ਰਧਾ ਦਾ ਪ੍ਰਤੀਕ ਏ। ਇਸ ਮੌਕੇ ਤੇ ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਵੱਲੋਂ ਸੇਵਾ ਕਰਾਉਣ ਵਾਲੀ ਸਮੁੱਚੀ ਸੰਗਤ ਤੇ ਆਗੂਆਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।

---------------------------------------------------

ਪੰਜਾਬ ਦੇ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ ਸੋਧਿਆ ਹੋਇਆ ਪ੍ਰੋਗਰਾਮ

ਜਾਰੀ ਕੀਤਾ ਗਿਆ ਏ। ਪਹਿਲਾਂ ਜਾਰੀ ਸਮਾਂ ਸਾਰਣੀ ਅਨੁਸਾਰ ਕਮੇਟੀ ਦੀਆਂ ਚੋਣਾਂ ਲਈ, ਵੋਟਰ ਰਜਿਸਟ੍ਰੇਸ਼ਨ ਫਾਰਮ 21 ਅਕਤੂਬਰ 2023 ਤੋਂ 31 ਜੁਲਾਈ ਤੱਕ ਪ੍ਰਾਪਤ ਕੀਤੇ ਜਾਣੇ ਸਨ ਪਰ ਸੋਧੇ ਹੋਏ ਪ੍ਰੋਗਰਾਮ ਅਨੁਸਾਰ ਵੋਟਰ ਰਜਿਸਟ੍ਰੇਸ਼ਨ ਫਾਰਮ ਪ੍ਰਾਪਤ ਕਰਨ ਦੀ ਆਖਿਰੀ ਤਾਰੀਕ 16 ਸਤੰਬਰ 2024 ਤੱਕ ਵਧਾ ਦਿੱਤੀ ਗਈ ਏ। ਚੋਣਾਂ ਲਈ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 9 ਅਕਤੂਬਰ ਨੂੰ ਕੀਤੀ ਜਾਵੇਗੀ, ਜਿਸ ’ਤੇ 29 ਅਕਤੂਬਰ ਤੱਕ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕੀਤੇ ਜਾਣਗੇ। ਦਾਅਵਿਆਂ ਤੇ ਇਤਰਾਜ਼ਾਂ ਦਾ ਨਿਪਟਾਰਾ ਸਿੱਖ ਗੁਰਦੁਆਰਾ ਬੋਰਡ ਚੋਣਾਂ ਨਿਯਮ, 1959 ਦੇ ਨਿਯਮ 10 (3) ਅਨੁਸਾਰ 8 ਨਵੰਬਰ ਤੱਕ ਕਰ ਦਿੱਤਾ ਜਾਵੇਗਾ। ਇਸ ਉਪਰੰਤ 25 ਨਵੰਬਰ ਨੂੰ ਸਪਲੀਮੈਂਟਰੀ ਵੋਟਰ ਸੂਚੀਆਂ ਦੀ ਤਿਆਰੀ ਅਤੇ ਛਪਾਈ ਕੀਤੀ ਜਾਵੇਗੀ ਅਤੇ 26 ਨਵੰਬਰ ਨੂੰ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਕਰ ਦਿੱਤੀ ਜਾਵੇਗੀ।

--------------------------------------------------------------

ਨਵੋਦਿਆ ਵਿਦਿਆਲਿਆ ਸਮਿਤੀ ਖੇਤਰੀ ਦਫ਼ਤਰ ਚੰਡੀਗੜ੍ਹ ਦੀ ਰਹਿਨੁਮਾਈ ਵਿਚ, ਪੰਜਾਬ, ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੇ ਐਥਲੀਟਾਂ ਦੀ, ਤਿੰਨ ਦਿਨ ਦੀ 32ਵੀਂ ਖੇਤਰੀ ਨਵੋਦਿਆ ਵਿਦਿਆਲਿਆ

ਸਮਿਤੀ ਐਥਲੈਟਿਕਸ ਮੀਟ ਹੁਸ਼ਿਆਰਪੁਰ ਦੇ ਫਲਾਹੀ ਵਿਖੇ, ਪੀ.ਐਮ ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਵਿਚ ਸੰਪੰਨ ਹੋਈ । ਮੇਜ਼ਬਾਨ ਸਕੂਲ ਦੇ ਪ੍ਰਿੰਸੀਪਲ ਰੰਜੂ ਦੁੱਗਲ ਨੇ ਦੱਸਿਆ ਕਿ ਪੰਜਾਬ ਕਲੱਸਟਰ ਦੋ ਦੀ ਟੀਮ ਨੇ, ਓਵਰਆਲ ਟਰਾਫੀ ਜਿੱਤੀ ਅਤੇ ਹਿਮਾਚਲ ਪ੍ਰਦੇਸ਼ ਕਲੱਸਟਰ ਦੀ ਟੀਮ ਰਨਰ ਅੱਪ ਰਹੀ । ਓਪਨ ਕਰਾਸ ਕੰਟਰੀ ਦੌੜ ਵਿਚ, ਮੁੰਡਿਆਂ ਤੇ ਕੁੜੀਆਂ ਦੀਆਂ ਪੰਜਾਬ ਕਲੱਸਟਰ ਦੋ ਦੀਆਂ ਟੀਮਾਂ, ਓਵਰਆਲ ਜੇਤੂ ਰਹੀਆਂ। ਸਮਾਪਤੀ ਸਮਾਗ਼ਮ ਦੌਰਾਨ ਵਿਦਿਆਰਥੀਆਂ ਨੇ ਸ਼ਾਨਦਾਰ ਸਵਾਗਤੀ ਗੀਤ, ਭੰਗੜਾ ਅਤੇ ਗਿੱਧਾ ਪੇਸ਼ ਕਰਕੇ ਮਾਹੌਲ ਨੂੰ ਸੱਭਿਆਚਾਰਕ ਰੰਗ ਵਿੱਚ ਰੰਗ ਦਿੱਤਾ ।

---

## <u>ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ</u>

- ਪੈਰਿਸ ਓਲੰਪਿਕ ਦੇ ਅੱਜ 6ਵੇਂ ਦਿਨ ਭਾਰਤ ਦੇ ਸਵਪ-ਨਿਲ ਕੁਸਲੇ ਨੇ, ਇਤਿਹਾਸ ਰਚਦਿਆਂ ਨਿਸ਼ਾਨੇਬਾਜ਼ੀ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ ਏ ।

- ਕੇਂਦਰ ਸਰਕਾਰ ਨੇ ਦੇਸ਼ ਵਿੱਚ ਜਲ ਜੀਵਨ ਮਿਸ਼ਨ ਯੋਜਨਾ ਤਹਿਤ, 15 ਕਰੋੜ ਤੋਂ ਵੱਧ ਟੂਟੀ ਦੇ ਕਨੈਕਸ਼ਨ ਮੁਹੱਈਆ ਕਰਵਾਏ ਨੇ ।
- ਪੰਜਾਬ ਵਿਚ ਮਹਿਲਾਵਾਂ ਨੇ ਹੁਣ ਤੱਕ ਇਕ ਹਜ਼ਾਰ 548 ਕਰੋੜ ਰੁਪਏ ਤੋਂ ਵੱਧ ਦੀ ਮੁਫ਼ਤ ਬੱਸ ਸਫ਼ਰ ਸਹੂਲਤ ਦਾ ਲਾਭ ਲਿਆ ਏ।
- ਭਾਰੀ ਮੀਂਹ ਕਾਰਨ ਅੰਮ੍ਰਿਤਸਰ ਤੇ ਬਠਿੰਡਾ ਵਿੱਚ ਦੋ ਥਾਂਈਂ ਮਕਾਨਾਂ ਦੀਆਂ ਛੱਤਾਂ ਡਿੱਗੀਆਂ, ਇਕ ਬੱਚੇ ਦੀ ਮੌਤ ਤੇ ਦੋ ਨੂੰ ਬਚਾਇਆ ਗਿਆ।